ਦਫਤਰ ਜਿਲਾ ਮੈਜਿਸਟਰੇਟ, ਜਲੰਧਰ
Office of the District Magistrate
Jalandhar (Punjab)

No. ....................

Date ....................

Phone :0181-2224783(O)
:0181-2459664(R)
Fax :0181-2224727
Email: dc.jal@punjabmail.gov.in

# ਹੁਕਮ

ਕੋਵਿਡ-19 (ਕਰੋਨਾ ਵਾਇਰਸ) ਵਾਇਰਸ ਵੱਲੋਂ ਪੂਰੇ ਵਿਸ਼ਵ ਵਿੱਚ ਦਹਿਸ਼ਤ ਫੈਲਾਈ ਹੈ। ਜਿਸ ਨੂੰ ਸਰਕਾਰ ਵੱਲੋਂ ਵੀ ਮਹਾਂਮਾਰੀ ਬਿਮਾਰੀ ਘੋਸ਼ਿਤ ਕੀਤਾ ਜਾ ਚੁੱਕਾ ਹੈ ਅਤੇ ਇਸ ਨੇ ਆਪਣੇ ਪੈਰ ਭਾਰਤ ਵਿੱਚ ਵੀ ਪਸਾਰਨੇ ਸ਼ੁਰੂ ਕਰ ਦਿੱਤੇ ਹਨ। ਜਿਸ ਦੀ ਰੋਕਥਾਮ ਕਰਨੀ ਬਹੁਤ ਜਰੂਰੀ ਹੋ ਚੁਕੀ ਹੈ।

ਇਸ ਸਬੰਧੀ ਇਸ ਦਫਤਰ ਦੇ ਪੱਤਰ ਨੰ 3062-85/ਐਮ.ਸੀ-4/ਐਮ.ਏ ਮਿਤੀ 23-03-2020 ਰਾਂਹੀ ਜਿਲ੍ਹਾ ਜਲੰਧਰ ਵਿੱਚ ਕਰਫਿਊ ਲਾਗੂ ਕਰਨ ਸਬੰਧੀ ਹੁਕਮ ਜਾਰੀ ਕੀਤੇ ਗਏ ਸਨ। ਅਜਿਹੀ ਸਥਿਤੀ ਨੂੰ ਮੁੱਖ ਰੱਖਦੇ ਹੋਏ ਸਾਫ ਸਫਾਈ ਬਹੁਤ ਹੀ ਜਰੂਰੀ ਹੈ। ਲੋਕਾਂ ਵੱਲੋ ਸੈਨੇਟਾਈਜਰ, ਸਾਬਣ, ਡਿਟਰਜੈਂਟ ਅਤੇ ਹੋਰ ਸਾਫ ਸਫਾਈ ਨਾਲ ਸਬੰਧਤ ਸਮਾਨ ਜਿਵੇਂ ਕਿ ਵਾਸ਼ਿੰਗ ਪਾਊਡਰ ਆਦਿ ਦੀ ਮੰਗ ਬਹੁਤ ਹੀ ਜਿਆਦਾ ਆ ਰਹੀ ਹੈ। ਇਸ ਲਈ ਸੈਨੇਟਾਈਜਰ, ਹਰ ਤਰ੍ਹਾਂ ਸਰਕਾਰ ਵੱਲੋਂ ਪ੍ਰਵਾਨਿਤ ਮਾਸਕ, ਡਿਟਰਜੈਂਟ, ਨਹਾਉਣ ਵਾਲੀ ਸਾਬਣ, ਕਪੜੇ ਧੋਣ ਵਾਲੀ ਸਾਬਣ, ਕਪੜੇ ਧੋਣ ਵਾਲਾ ਪਾਊਡਰ ਅਤੇ ਹੋਰ ਸਾਫ ਸਫਾਈ ਨਾਲ ਸਬੰਧਤ ਸਮਾਨ ਜਿਵੇਂ ਕਿ ਪੋਚੇ, Mops, Vipers ਦੀ ਹੋਮ ਡਲਿਵਰੀ ਚਾਰ/ਤਿੰਨ ਪਹੀਆ ਵਾਹਨ ਰਾਂਹੀ Door to Door ਜਾ ਕੇ ਵੇਚਣ ਜਾਂ Online Delivery ਕਰਨ ਦੀ ਆਗਿਆ ਹੇਠ ਅਨੁਸਾਰ ਸ਼ਰਤਾ ਤੇ ਦਿੱਤੀ ਜਾਂਦੀ ਹੈ ਕਿ

1. ਇਹ ਸਮਾਨ ਸਰਕਾਰ ਅਤੇ ਸਿਹਤ ਵਿਭਾਗ ਵੱਲੋਂ ਸਮੇਂ ਸਮੇਂ ਤੇ ਜਾਰੀ ਹਦਾਇਤਾਂ ਅਨੁਸਾਰ ਕੁਆਲਟੀ ਮਾਪਦੰਡਾ ਤੇ ਪੂਰਾ ਹੋਣਾ ਚਾਹੀਦਾ ਹੈ ਅਤੇ ਸੈਨੇਟਾਈਜਰ ਤੇ ਮਾਸਕ ਸਿਹਤ ਵਿਭਾਗ ਵੱਲੋਂ ਪ੍ਰਵਾਨਿਤ ਹੋਣੇ ਜਰੂਰੀ ਹੋਣਗੇ।
2. ਵੈਂਡਰ ਗਲੀ ਵਿੱਚ ਭੀੜ ਨਹੀਂ ਕਰਨਗੇ ਅਤੇ ਹਰ ਘਰ ਦੇ ਬਾਹਰ ਬੈਲ ਬਜਾ ਕੇ ਇਹਨਾਂ ਚੀਜਾਂ ਦੀ ਵਿਕਰੀ ਜਾਂ Home Delivery ਕਰਨਗੇ।
3. ਇਹ ਸਮਾਨ Door to Door ਜਾ ਕੇ ਤਿੰਨ ਜਾਂ ਚਾਰ ਪਹੀਆ ਵਾਹਨ ਰਾਂਹੀ ਵੇਚਣ ਸਮੇਂ ਡਰਾਇਵਰ ਤੋਂ ਇਲਾਵਾ ਇੱਕ ਸੇਲ ਪਰਸਨ ਹੀ ਅਲਾਊਡ ਹੋਵੇਗਾ ਅਤੇ ਉਹ ਮੂੰਹ ਉਤੇ ਮਾਸਕ ਲਗਾ ਕੇ ਹੱਥਾਂ ਨੂੰ ਚੰਗੀ ਤਰ੍ਹਾਂ ਸੈਨੀਟਾਈਜ ਕਰਕੇ ਇਹਨਾਂ ਚੀਜਾਂ ਦੀ Door to Door ਡਲਿਵਰੀ ਕਰਨਗੇ। ਇਸ ਤੋਂ ਇਲਾਵਾ COVID-19 ਸਬੰਧੀ ਕੇਂਦਰ ਸਰਕਾਰ ਅਤੇ ਭਾਰਤ ਸਰਕਾਰ ਦੇ ਸਿਹਤ ਮੰਤਰਾਲੇ ਵੱਲੋਂ ਜੋ ਹਦਾਇਤਾ ਹਨ ਉਹਨਾਂ ਦੀ ਪਾਲਣਾ ਯਕੀਨੀ ਬਣਾਈ ਜਾਵੇਗੀ।
4. ਇਸ ਸਬੰਧੀ ਪਾਸ ਜਾਰੀ ਕਰਨ ਦਾ ਅਧਿਕਾਰ ਜੋਨਲ ਲਾਈਸੈਂਸਿੰਗ ਅਥਾਰਟੀ (ਡਰਗਜ਼), ਜਲੰਧਰ ਨੂੰ ਹੋਵੇਗਾ। ਇਹਨਾਂ ਚੀਜਾਂ ਦੇ ਵਿੱਚ ਕੋਈ ਵੀ ਸਮਾਨ ਮਾੜੀ ਕੁਆਲਟੀ ਦਾ ਨਾ ਵਿਕੇ ਇਸ ਨੂੰ ਸਮੇਂ ਸਮੇਂ ਤੇ ਚੈਕ ਕਰਨ ਦੀ ਜਿੰਮੇਵਾਰੀ ਜੋਨਲ ਲਾਈਸੈਂਸਿੰਗ ਅਥਾਰਟੀ (ਡਰਗਜ਼), ਜਲੰਧਰ ਅਤੇ ਉਹਨਾਂ ਅਧੀਨ ਕੰਮ ਕਰਦੇ ਡਰਗ ਇੰਸਪੈਕਟਰਾਂ ਦੀ ਹੋਵੇਗੀ।

ਕੇਂਦਰ ਅਤੇ ਰਾਜ ਸਰਕਾਰ ਵੱਲੋਂ COVID-19 ਨੂੰ ਮਹਾਂਮਾਰੀ ਘੋਸ਼ਿਤ ਕਰਕੇ ਨੈਸ਼ਨਲ ਡਿਜ਼ਾਸਟਰ ਮੈਨੇਜਮੈਂਟ ਐਕਟ, 2005 ਅਤੇ ਐਪੇਡੇਮਿਕ ਐਕਟ, 1897 ਨੂੰ ਇਨਵੋਕ ਕੀਤਾ ਜਾ ਚੁੱਕਾ ਹੈ। ਇਸ ਲਈ ਇਹ ਹੁਕਮ ਲੋਕ ਹਿੱਤ ਨੂੰ ਧਿਆਨ ਵਿੱਚ ਰੱਖਦੇ ਹੋਏ ਕੀਮਤੀ ਮਨੁੱਖੀ ਜਾਨਾਂ ਨੂੰ ਬਚਾਉਣ ਲਈ ਜਾਰੀ ਕੀਤਾ ਜਾ ਰਿਹਾ ਹੈ।

ਜਿਲ੍ਹਾ ਮੈਜਿਸਟਰੇਟ
ਜਲੰਧਰ

ਪਿੱਠ ਅੰਕਣ ਨੰ. 5184-97 /ਐਮ.ਸੀ.4/ਐਮ.ਏ ਮਿਤੀ- 05-04-2020

ਇਸ ਦਾ ਇਕ ਉਤਾਰਾ ਹੇਠ ਦਰਜ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ-

1. ਕਮਿਸ਼ਨਰ ਜਲੰਧਰ ਮੰਡਲ, ਜਲੰਧਰ
2. ਕਮਿਸ਼ਨਰ ਆਫ ਪੁਲਿਸ ਜਲੰਧਰ ਅਤੇ ਸੀਨੀਅਰ ਪੁਲਿਸ ਕਪਤਾਨ (ਦਿਹਾਤੀ) ਜਲੰਧਰ
3. ਸਮੂਹ ਉਪ ਮੰਡਲ ਮੈਜਿਸਟਰੇਟ, ਜਿਲ੍ਹਾ ਜਲੰਧਰ।
4. ਜੋਨਲ ਲਾਇਲੈਂਸਿੰਗ ਅਥਾਰਟੀ (ਡਰਗਜ਼) , ਜਲੰਧਰ
5. ਸੁਪਰਡੰਟ ਗਰੇਡ-1, ਪੀ.ਏ. ਟੂ ਡੀ.ਐਮ., ਸਟੈਨੋ ਟੂ ਏ.ਡੀ.ਐਮ, ਸਟੈਨੋ ਟੂ ਏ.ਸੀ(ਜ), ਸਟੈਨੋ ਟੂ ਏ.ਸੀ(ਸ਼)

5/4/2020

ਵਾ. ਜਿਲ੍ਹਾ ਮੈਜਿਸਟਰੇਟ
ਜਲੰਧਰ।

Scanned by CamScanner